ਪੰਜਾਬ ਲਲਿਤ ਕਲਾ ਅਕਾਦਮੀ
Punjab Lalit Kala Akademi

Punjab Kala Bhawan, Rose Garden, Sector 16B
Chandigarh 160015, India
Tel: +91 1722771472
Email: plkapunjab@gmail.com
W: www.lalitkalaakademipunjab.com

# ਪ੍ਰਦਰਸ਼ਨੀ ਪ੍ਰਸਤਾਵਾਂ ਲਈ ਸੱਦਾ 2018-19

ਪੰਜਾਬ ਲਲਿਤ ਕਲਾ ਅਕਾਦਮੀ ਪੰਜਾਬ, ਭਾਰਤ ਅਤੇ ਵਿਦੇਸ਼ਾਂ ਵਿਚ ਰਹਿੰਦੇ ਕਲਾਕਾਰਾਂ ਨੂੰ ਸੰਨ 2018-19 ਲਈ

ਕਲਾ-ਪ੍ਰਦਰਸ਼ਨੀਆਂ ਵਾਸਤੇ ਪ੍ਰਸਤਾਵਾਂ/ਤਜਵੀਜ਼ਾਂ ਭੇਜਣ ਦਾ ਸੱਦਾ ਦੇ ਰਹੀ ਹੈ।

**ਅਰਜ਼ੀਆਂ ਦੇਣ ਦੀ ਅੰਤਿਮ ਮਿਤੀ: ਸ਼ੁੱਕਰਵਾਰ 31 ਅਗਸਤ 2018 । ਕੁੱਲ ਥਾਵਾਂ: 6**

**ਖੇਤਰ: ਸਾਰੇ ਪ੍ਰਸਤਾਵ ਦਰਸ਼ਨੀ ਕਲਾ (ਵਿਜ਼ੂਅਲ ਆਰਟਸ) ਪ੍ਰਦਰਸ਼ਨੀਆਂ ਲਈ**

## ਪ੍ਰਦਰਸ਼ਨੀ ਤਜਵੀਜ਼ਾਂ ਬਾਰੇ

ਪੰਜਾਬ ਲਲਿਤ ਕਲਾ ਅਕਾਦਮੀ, ਸੈਕਟਰ 16, ਚੰਡੀਗੜ੍ਹ, ਸਮਕਾਲੀ ਕਲਾ ਦੀਆਂ ਵੱਖ-ਵੱਖ ਵਿਧਾਵਾਂ ਅਤੇ ਰੂਪਾਕਾਰਾਂ ਦੀ ਪ੍ਰਦਰਸ਼ਨੀ ਰਾਹੀਂ ਦਰਸ਼ਨੀ ਕਲਾ ਦੀ ਵਿਲੱਖਣਤਾ ਨੂੰ ਮਾਨਤਾ ਦੇਣ ਅਤੇ ਖ਼ਾਲਸ ਹੁਨਰ ਦੀ ਤਲਾਸ਼ ਕਰਨ ਲਈ ਮੰਚ ਮੁਹੱਈਆ ਕਰਵਾਉਂਦੀ ਹੈ। ਇਹ ਪ੍ਰਦਰਸ਼ਨੀ **ਪੇਸ਼ਕਸ਼** ਸਮੁੱਚੀਆਂ ਰਿਵਾਇਤੀ ਬੰਦਿਸ਼ਾਂ ਤੋਂ ਪਾਰ ਜਾ ਕੇ ਕਲਾ ਖੇਤਰ ਦੀਆਂ ਹੱਦਾਂ ਨੂੰ ਮੋਕਲਾ ਕਰਨ ਦਾ ਆਹਰ ਹੈ।

ਕੁੱਲ 6 ਪ੍ਰਸਤਾਵਾਂ ਵਿਚੋਂ ਚਾਰ ਪੰਜਾਬ ਵਿਚੋਂ ਚੁਣੇ ਜਾਣਗੇ, ਇਕ ਸਮੁੱਚੇ ਭਾਰਤ ਤੋਂ ਅਤੇ ਇਕ ਕੌਮਾਂਤਰੀ ਪੱਧਰ ਤੋਂ ਲਿਆ ਜਾਵੇਗਾ। ਪੰਜਾਬ ਲਲਿਤ ਕਲਾ ਅਕਾਦਮੀ ਇਸ ਵਾਸਤੇ ਸੱਤ ਦਿਨਾਂ ਲਈ 3000 ਵਰਗ ਫੁੱਟ ਦੀ ਪ੍ਰਦਰਸ਼ਨੀ ਗੈਲਰੀ , ਰਹਿਣ ਦਾ ਪ੍ਰਬੰਧ ਅਤੇ ਪ੍ਰਚਾਰ ਦੀ ਸਮੱਗਰੀ ਲਈ 10 ਹਜ਼ਾਰ ਰੁਪਏ ਦੇਵੇਗੀ।

ਇਸ ਵਾਸਤੇ ਕੋਈ ਵੀ ਮਿੱਥਿਆ ਹੋਇਆ ਵਿਸ਼ਾ ਨਹੀਂ ਹੈ; ਸਿਰਜਣਾ ਕਾਰਜ ਕਲਾ ਦੇ ਅਭਿਆਸ ਅਤੇ ਵਿਧੀਆਂ ਦੀ ਨੁਮਾਇੰਦਗੀ ਕਰਦਾ ਹੋਵੇ। ਸਿੱਖਿਆ ਪ੍ਰਾਪਤ ਅਤੇ ਆਪਣੇ ਆਪ ਅਭਿਆਸ ਕਰਕੇ ਸਿੱਖੇ ਕਲਾਕਾਰ ਇਸ ਵਾਸਤੇ ਅਰਜ਼ੀ ਭੇਜ ਸਕਦੇ ਹਨ।

## ਅਕਾਦਮੀ ਵੱਲੋਂ ਸਹਿਯੋਗ

ਅਕਾਦਮੀ ਸੱਤ ਦਿਨਾਂ ਵਾਸਤੇ 3000 ਵਰਗ ਫੁੱਟ ਦੀ ਪ੍ਰਦਰਸ਼ਨੀ ਗੈਲਰੀ ਉਪਲੱਬਧ ਕਰਵਾਏਗੀ ਜਿਸ ਦੌਰਾਨ ਕਲਾਕ੍ਰਿਤਾਂ ਦੀ ਪ੍ਰਦਰਸ਼ਨੀ ਲਾਉਣ ਅਤੇ ਉਤਾਰਨ ਵਿਚ ਸਹਿਯੋਗ ਸ਼ਾਮਲ ਹੋਵੇਗਾ।
ਅਕਾਦਮੀ ਦੇ ਆਪਣੇ ਅਹਾਤੇ ਅੰਦਰ 8 ਤੋਂ 10 ਦਿਨਾਂ ਲਈ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇਗਾ।
10 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ।
ਅਕਾਦਮੀ ਈ-ਮੇਲ ਰਾਹੀਂ ਸੱਦਾ-ਪੱਤਰ ਭੇਜਣ ਅਤੇ ਆਪਣੀ ਵੈੱਬਸਾਈਟ, ਫੇਸਬੁੱਕ ਪੇਜ਼ ਅਤੇ ਹੋਰ ਸੋਸ਼ਲ ਮੀਡੀਆ ਮਾਧਿਅਮਾਂ ਰਾਹੀਂ ਪ੍ਰਚਾਰ ਕਰਨ ਵਿਚ ਸਹਿਯੋਗ ਦੇਵੇਗੀ।

**ਯੋਗਤਾ ਸ਼ਰਤਾਂ**
ਬਿਨੈਕਾਰ ਪਿਛਲੇ ਪੰਜ ਸਾਲਾਂ ਦੌਰਾਨ ਸਰਗਰਮ ਕਲਾਕਾਰ ਰਿਹਾ ਹੋਣਾ ਚਾਹੀਦਾ ਹੈ।
ਉਮਰ ਸੀਮਾ: 31 ਅਗਸਤ 2018 ਨੂੰ 25 ਸਾਲ ਤੋਂ ਲੈ ਕੇ 50 ਸਾਲ ਤੱਕ
ਕਲਾਕਾਰ ਨੇ ਭਾਵੇਂ ਸਿਖਲਾਈ ਲਈ ਹੋਵੇ ਜਾਂ ਆਪ ਸਿੱਖਿਆ ਹੋਵੇ।

**ਪ੍ਰਸਤਾਵ ਕਿਵੇਂ ਭੇਜਣਾ ਹੈ?**
ਸੀਡੀ/ਡੀਵੀਡੀ/ਪੈੱਨ-ਡ੍ਰਾਈਵ ਜਾਂ ਦਸਤੀ
ਹੇਠਾਂ ਦਿੱਤੇ ਅਨੁਸਾਰ ਭੇਜੋ:

**ਅਰਜ਼ੀ-ਪੱਤਰ ਪੂਰੀ ਤਰ੍ਹਾਂ ਭਰੋ।**
ਆਪਣਾ ਪੂਰਾ ਜੀਵਨ-ਬਿਉਰਾ {(ਬਾਇਉ-ਡਾਟਾ) ਵਰਡ ਫਾਰਮੈਟ ਵਿਚ ਟਾਈਪ ਕਰਕੇ ਭੇਜੋ}: ਕਿਰਪਾ ਕਰਕੇ ਉਸ ਵਿਚ ਵਿੱਦਿਅਕ ਯੋਗਤਾ, ਪ੍ਰਾਪਤ ਸਨਮਾਨ, ਰਿਹਾਇਸ਼ੀ ਕਲਾ ਵਰਕਸ਼ਾਪ (ਰੈਜ਼ੀਡੈਂਸੀ), ਵਜੀਫ਼ਿਆਂ ਅਤੇ ਪ੍ਰਦਰਸ਼ਨੀਆਂ: ਏਕਲ ਪ੍ਰਦਰਸ਼ਨੀਆਂ, ਸਾਂਝੀਆਂ ਪ੍ਰਦਰਸ਼ਨੀਆਂ, ਪ੍ਰਦਰਸ਼ਨੀਆਂ ਵਿਚ ਸ਼ਮਹੂਲੀਅਤ ਦੀ ਜਾਣਕਾਰੀ ਤਰਤੀਬਵਾਰ ਅਤੇ ਸਮੇਂ ਦੀ ਕ੍ਰਮ ਅਨੁਸਾਰ ਦਰਜ ਕਰੋ।

ਆਪਣੇ ਵੱਲੋਂ ਸਿਰਜੀਆਂ ਗਈਆਂ ਪ੍ਰਦਰਸ਼ਨੀ ਵਿਚ ਲਗਾਈਆ ਜਾਣ ਵਾਲੀਆਂ 20 ਮੌਲਿਕ ਕਲਾ-ਕ੍ਰਿਤਾਂ ਦੀਆਂ 300 ਡੀਪੀਆਈ ਦੀਆਂ ਤਸਵੀਰਾਂ ਅੱਗੇ ਦਿੱਤੇ ਬਿਓਰੇ ਅਨੁਸਾਰ ਨਾਲ ਨੱਥੀ ਕਰੋ: ਕਲਾਕ੍ਰਿਤ ਦਾ ਸਿਰਲੇਖ, ਮਾਧਿਅਮ, ਸੰਸਕਰਣ, ਆਕਾਰ, ਸਿਰਜਣਾ ਦਾ ਸਾਲ। (5 ਇੰਚ ਬਾਈ 7 ਇੰਚ **ਦੇ ਪ੍ਰਿੰਟ - ਲਾਜ਼ਮੀ ਨਹੀਂ**)

ਭੇਜੀਆਂ ਗਈਆਂ ਕਲਾਕ੍ਰਿਤਾਂ ਦੇ ਸਮੁੱਚੇ ਕਾਰਜ ਬਾਰੇ ਇਕ ਸੰਕਲਪ/ਵਿਸ਼ਾ ਪੱਤਰ ਨਾਲ ਨੱਥੀ ਕਰੋ (500 ਸ਼ਬਦਾਂ ਤੱਕ)

ਕਲਾਕਾਰ ਆਪਣਾ ਸਵੈ-ਕਥਨ ਨੱਥੀ ਕਰਨ (500 ਸ਼ਬਦਾਂ ਤੱਕ)

ਕਲਾਕਾਰ ਆਪਣੀ ਚੰਗੀ ਗੁਣਵੱਤਾ ਵਾਲੀ ਤਸਵੀਰ ਨੱਥੀ ਕਰੇ।

ਪੰਜਾਬ ਲਲਿਤ ਕਲਾ ਅਕਾਦਮੀ
Punjab Lalit Kala Akademi

Punjab Kala Bhawan, Rose Garden, Sector 16B
Chandigarh 160015, India
Tel: +91 1722771472
Email: plkapunjab@gmail.com
W: www.lalitkalaakademipunjab.com

# ਪ੍ਰਦਰਸ਼ਨੀ ਪ੍ਰਸਤਾਵਾਂ ਲਈ ਅਰਜ਼ੀ-ਪੱਤਰ 2018-19

1. ਬਿਨੈਕਾਰ ਦਾ ਨਾਮ:______________________________
2. ਮਾਤਾ/ਪਿਤਾ/ਪਤੀ/ਪਤਨੀ ਦਾ ਨਾਮ:______________________________
3. (ੳ) ਜਨਮ ਮਿਤੀ: ______________________________
   (ਅ) ਉਮਰ 31.08.2018 ਤੱਕ: ______________________________
4. ਡਾਕ ਪਤਾ: ______________________________
5. ਫ਼ੋਨ ਜਾਂ ਮੋਬਾਈਲ ਨੰਬਰ:______________________________
6. ਈ-ਮੇਲ ਪਤਾ:______________________________
7. ਪ੍ਰਾਪਤ ਹੋਏ ਸਨਮਾਨਾਂ, ਇਨਾਮਾਂ, ਮਾਨਤਾਵਾਂ, ਵਿਸ਼ੇਸ਼ ਪ੍ਰਾਪਤੀਆਂ, ਵਜੀਫ਼ਿਆਂ ਦਾ ਵੇਰਵਾ (ਲੋੜ ਹੋਵੇ ਤਾਂ ਵੱਖਰੀ ਸ਼ੀਟ ਨਾਲ ਨੱਥੀ ਕਰੋ):

   ______________________________
   ______________________________
   ______________________________

8. ਪ੍ਰਦਰਸ਼ਨੀਆਂ ਜਿਨ੍ਹਾਂ ਵਿਚ ਬਿਨੈਕਾਰ ਦੀ ਕਲਾ ਪ੍ਰਦਰਸ਼ਿਤ ਕੀਤੀ ਗਈ ਹੋਵੇ (ਲੋੜ ਹੋਵੇ ਤਾਂ ਵੱਖਰੀ ਸ਼ੀਟ ਨਾਲ ਨੱਥੀ ਕਰੋ)

   ______________________________
   ______________________________
   ______________________________

9. ਇਸ ਤੋਂ ਪਹਿਲਾਂ ਪ੍ਰਾਪਤ ਕੀਤੇ ਵਜੀਫ਼ਿਆਂ, ਫ਼ੈਲੋਸ਼ਿਪ ਦੀ ਮਿਆਦ/ਰਕਮ ਦਾ ਵੇਰਵਾ ਦਿਉ:

   ______________________________
   ______________________________
   ______________________________

10. ਅਕਾਦਿਮ ਯੋਗਤਾ:______________________________________________________

11. ਭੇਜੀਆਂ ਗਈਆਂ ਕਲਾਕ੍ਰਿਤਾਂ ਦੇ ਸਮੁੱਚੇ ਕਾਰਜ ਬਾਰੇ ਇਕ ਸੰਕਲਪ/ਵਿਸ਼ਾ ਪੱਤਰ ਜਿਸ ਵਿਚ ਕਲਾਕ੍ਰਿਤ ਵਿਚ ਦਰਸਾਏ ਵਿਚਾਰਾਂ ਅਤੇ ਵਿਸ਼ਿਆਂ ਦਾ ਵਰਨਣ ਹੋਵੇ, ਨਾਲ ਨੱਥੀ ਕਰੋ (ਆਪਣੀ ਪਸੰਦ ਦੀ ਭਾਸ਼ਾ ਪੰਜਾਬੀ, ਹਿੰਦੀ ਜਾਂ ਅਗਰੇਜ਼ੀ ਵਿਚ 500 ਸ਼ਬਦਾਂ ਤੱਕ ਟਾਈਪ ਕੀਤਾ ਹੋਇਆ ਪੱਤਰ ਨਾਲ ਨੱਥੀ ਕਰੋ)

12. ਬਿਨੈਕਾਰ ਦਾ ਜੀਵਨ ਬਿਉਰਾ (ਬਾਇਉ-ਡਾਟਾ) ਨਾਲ ਨੱਥੀ ਕਰੋ (ਟਾਈਪ ਕਰਕੇ ਨੱਥੀ ਕਰੋ)

13. ਕਲਾਕਾਰ ਆਪਣਾ ਸਵੈ-ਕਥਨ ਨੱਥੀ ਕਰਨ (ਆਪਣੀ ਪਸੰਦ ਦੀ ਭਾਸ਼ਾ ਪੰਜਾਬੀ, ਹਿੰਦੀ ਜਾਂ ਅਗਰੇਜ਼ੀ ਵਿਚ 500 ਸ਼ਬਦਾਂ ਤੱਕ ਟਾਈਪ ਕੀਤਾ ਹੋਇਆ ਪੱਤਰ ਨਾਲ ਨੱਥੀ ਕਰੋ)

14. ਜੇਕਰ ਚੋਣਕਾਰਾਂ ਨੂੰ ਮਹਿਸੂਸ ਹੁੰਦਾ ਹੈ ਕਿ ਇਕੱਲੇ ਪ੍ਰਦਰਸ਼ਨੀ ਲਗਾਉਣ ਲਈ ਕਲਾਕਾਰ ਕੋਲ ਕਲਾਕ੍ਰਿਤਾਂ ਲੋੜੀਂਦੀ ਗਿਣਤੀ ਵਿਚ ਨਹੀਂ ਹਨ, ਤਾਂ ਤੁਸੀਂ ਸਾਂਝੀ ਪ੍ਰਦਰਸ਼ਨੀ ਵਿਚ ਸ਼ਾਮਲ ਹੋਣ ਲਈ ਸਹਿਮਤ ਹੋ? ਕਿਰਪਾ ਕਰਕੇ ਆਪਣੀ ਚੋਣ ਦਾ ਨਿਸ਼ਾਨ ਹੇਠਾਂ ਖ਼ਾਨੇ ਵਿਚ ਲਾਉ,

| ਮੈਨੂੰ ਮੰਜ਼ੂਰ ਹੈ | ਮੈਨੂੰ ਮੰਜ਼ੂਰ ਨਹੀਂ |
|---|---|
| | |

**ਬਿਨੈਕਾਰ ਵਿਦਿਆਰਤੀ ਕਲਾਕਾਰ ਦਾ ਹਲਫ਼ੀਆ ਬਿਆਨ**

ਮੈਂ__________________________________ਪ੍ਰਦਰਸ਼ਨੀ ਦੇ ਪ੍ਰਸਤਾਵ/ਤਜਵੀਜ਼ ਵਾਸਤੇ ਲੋੜੀਂਦੇ ਦਸਤਾਵੇਜ਼/ਸਮੱਗਰੀ ਆਪ ਜੀ ਦੇ ਧਿਆਨ ਹਿੱਤ ਜਮ੍ਹਾਂ ਕਰਵਾ ਰਿਹਾ ਹਾਂ/ ਰਹੀ ਹਾਂ । ਮੈਂ ਅਰਜ਼ੀ-ਪੱਤਰ ਨਾਲ ਦਿੱਤੇ ਗਏ ਸੂਚਨਾ-ਪੱਤਰ ਵਿਚ ਦਿੱਤੇ ਨਿਯਮ ਅਤੇ ਸ਼ਰਤਾਂ ਚੰਗੀ ਤਰ੍ਹਾਂ ਪੜ੍ਹ ਲਈਆਂ ਹਨ। ਮੈਂ ਬਿਆਨ ਕਰਦਾ/ ਕਰਦੀ ਹਾਂ ਕਿ ਮੇਰੇ ਵੱਲੋਂ ਦਿੱਤੀ ਗਈ ਜਾਣਕਾਰੀ ਸਹੀ ਹੈ ਅਤੇ ਨਾਲ ਨੱਥੀ ਕੀਤੀਆਂ ਗਈਆਂ ਕਲਾਕ੍ਰਿਤਾਂ ਮੇਰੀਆਂ ਮੌਲਿਕ ਸਿਰਜਨਾਵਾਂ ਹਨ।

ਇੱਥੇ ਦਿੱਤੀ ਜਾ ਰਹੀ ਸਾਰੀ ਜਾਣਕਾਰੀ ਦਰੁੱਸਤ ਹੈ:

ਸਥਾਨ:____________________________

ਮਿਤੀ:_____________________________

ਕਲਾਕਾਰ ਦੇ ਹਸਤਾਖ਼ਰ:__________________

ਕਲਾਕਾਰ ਦਾ ਨਾਮ:_____________________

ਕਲਾਕਾਰ ਦਾ ਪਤਾ:_____________________

____________________________________

ਮੋਬਾਈਲ ਨੰਬਰ:_________________________

**ਚੋਣ ਅਤੇ ਮੁਲਾਂਕਣ ਦੀਆਂ ਸ਼ਰਤਾਂ:**

- ਪ੍ਰਸਤਾਵਾਂ ਦੀ ਚੋਣ ਚੁਣੇ ਹੋਏ ਪਤਵੰਤੇ ਕਲਾਕਾਰਾਂ/ਕਲਾ ਲੇਖਕਾਂ/ਕਲਾ ਇਤਿਹਾਸਕਾਰਾਂ/ਕਲਾ ਅਲੋਚਕਾਂ/ਕਲਾ ਪ੍ਰਬੰਧਕਾਂ ਦੀ ਜਿਊਰੀ ਵੱਲੋਂ ਕੀਤੀ ਜਾਵੇਗੀ।
- ਜਿਊਰੀ ਦਾ ਫ਼ੈਸਲਾ ਸਭ ਲਈ ਮੰਨਣਯੋਗ ਹੋਵੇਗਾ। ਉਸ ਤੋਂ ਬਾਅਦ ਚੋਣ **ਸਬੰਧੀ** ਕਿਸੇ ਵੀ ਕਲਾਕਾਰ ਨਾਲ ਕੋਈ ਚਿੱਠੀ-ਪੱਤਰ ਪ੍ਰਵਾਨ ਨਹੀਂ ਕੀਤਾ ਜਾਵੇਗਾ।
- ਚੋਣ ਕਮੇਟੀ ਚੋਣ ਕਰਨ ਦੌਰਾਨ ਉਸ ਦੀ ਅਰਜ਼ੀ ਘੋਖਣ ਵੇਲੇ ਬਿਨੈਕਾਰ ਨਾਲ ਫ਼ੋਨ ਰਾਹੀਂ ਵਿਚਾਰ-ਵਟਾਂਦਰਾ ਕਰ ਸਕਦੀ ਹੈ।

**ਨਿਯਮ ਅਤੇ ਸ਼ਰਤਾਂ**

- ਕਲਾਕ੍ਰਿਤਾਂ ਤਿਆਰ ਕਰਨ, ਫ਼ਰੇਮ ਕਰਾਉਣ, ਲਿਆਉਣ ਅਤੇ ਉਨ੍ਹਾਂ ਦਾ ਬੀਮਾ ਆਦਿ ਕਰਾਉਣ ਦੀ ਜ਼ਿੰਮੇਵਾਰੀ ਕਲਾਕਾਰ ਦੀ ਹੋਵੇਗੀ।
- ਪ੍ਰਦਰਸ਼ਨੀ ਦੌਰਾਨ ਕਲਾਕ੍ਰਿਤਾਂ ਅਤੇ ਗੈਲਰੀ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਕਲਾਕਾਰ ਦੀ ਹੋਵੇਗੀ, ਉਸ ਲਈ ਕੋਈ ਸਹਾਇਕ ਨਹੀਂ ਦਿੱਤਾ ਜਾਵੇਗਾ।
- ਹਰ ਅਰਜ਼ੀ-ਪ੍ਰਸਤਾਵ ਅਤੇ ਕਲਾਕ੍ਰਿਤ ਕਲਾਕਾਰ ਦੀ ਆਪਣੀ ਮੌਲਿਕ ਸਿਰਜਣਾ ਹੋਣੀ ਚਾਹੀਦੀ ਹੈ।
- ਦਰਸ਼ਕਾਂ ਦਾ ਧਿਆਨ ਪੂਰੀ ਤਰ੍ਹਾਂ ਕਲਾਕ੍ਰਿਤਾਂ ਉੱਤੇ ਕੇਂਦਰਤ ਰਹੇ ਇਸ ਲਈ ਕਲਾ ਪ੍ਰਦਰਸ਼ਨੀ ਦਾ ਉਦਘਾਟਨ ਕਿਸੇ ਮੁੱਖ-ਮਹਿਮਾਨ ਜਾਂ ਕਲਾਕਾਰ ਤੋਂ ਨਹੀਂ ਕਰਵਾਇਆ ਜਾਵੇਗਾ, ਵੈਸੇ ਰਸਮੀ ਉਦਘਾਟਨੀ ਸਮਾਰੋਹ ਦਾ ਆਯੋਜਨ ਕੀਤਾ ਜਾ ਸਕਦਾ ਹੈ।
- ਪ੍ਰਸਤਾਵ ਕਲਾਕਾਰ ਆਪ ਭੇਜੇ। ਕੋਈ ਗੈਲਰੀ ਜਾਂ ਪ੍ਰਬੰਧਕ ਕਲਾਕਾਰ ਵੱਲੋਂ ਅਰਜ਼ੀ-ਪੱਤਰ ਨਹੀਂ ਭੇਜ ਸਕਦੇ।
- ਅਕਾਦਮੀ ਮੀਡੀਆ ਨਾਲ ਤਾਲਮੇਲ ਕਰਨ ਵਿਚ ਮਦਦ ਕਰੇਗੀ ਅਤੇ ਸੱਦਾ-ਪੱਤਰ ਅਤੇ ਸੋਸ਼ਲ ਮੀਡੀਆ ਰਾਹੀ ਸੱਦੇ ਭੇਜਣ ਵਾਸਤੇ ਦਰਸ਼ਕਾਂ ਦੀ ਸੂਚੀ ਦੇਣ ਵਿਚ ਵੀ ਸਹਿਯੋਗ ਕਰੇਗੀ।
- ਪ੍ਰਚਾਰ ਸਮੱਗਰੀ ਅਕਾਦਮੀ ਦੀ ਸਲਾਹ ਨਾਲ ਹੀ ਤਿਆਰ ਕੀਤੀ ਜਾਵੇਗੀ।
- ਚੋਣ ਵੇਲੇ ਸਿਰਜਣਾਤਮਕ ਖ਼ੂਬੀਆਂ, ਮੌਲਿਕਤਾ, ਸਮੱਗਰੀ ਦੀ ਸਿਰਜਣਾਤਮਕ ਵਰਤੋਂ ਅਤੇ ਪੇਸ਼ਕਾਰੀ ਆਦਿ ਚੋਣ ਦਾ ਆਧਾਰ ਹੋਣਗੇ।
- ਕਿਸੇ ਕਿਸਮ ਦੀ ਸਿਫ਼ਾਰਿਸ਼ ਕਰਨ ਦੀ ਕੋਸ਼ਿਸ ਹੋਣ 'ਤੇ ਅਰਜ਼ੀ-ਪੱਤਰ ਤੁਰੰਤ ਰੱਦ ਕਰ ਦਿੱਤਾ ਜਾਵੇਗਾ।
- ਹਰ ਬਿਨੈਕਾਰ ਕੇਵਲ ਇਕ ਹੀ ਅਰਜ਼ੀ ਭੇਜ ਸਕਦਾ ਹੈ।
- ਅਰਜ਼ੀ-ਪੱਤਰ ਡਾਕ ਰਾਹੀਂ ਜਾਂ ਦਸਤੀ ਪੰਜਾਬ ਲਲਿਤ ਕਲਾ ਅਕਾਦਮੀ, ਚੰਡੀਗੜ੍ਹ ਭੇਜਿਆ ਜਾ ਸਕਦਾ ਹੈ।
- ਅਧੂਰੇ ਫ਼ਾਰਮ ਅਤੇ ਅਰਜ਼ੀ-ਪੱਤਰਾਂ ਉੱਤੇ ਗ਼ੌਰ ਨਹੀਂ ਕੀਤਾ ਜਾਵੇਗਾ।
- ਅਰਜ਼ੀ-ਪੱਤਰ 31 ਅਗਸਤ 2018 ਨੂੰ ਸ਼ਾਮ ਚਾਰ ਵਜੇ ਤੱਕ ਪਹੁੰਚ ਜਾਣੇ ਚਾਹੀਦੇ ਹਨ।
- ਉਮਰ, ਅਕਾਦਮਿਕ ਯੋਗਤਾ ਅਤੇ ਪ੍ਰਾਪਤੀਆਂ ਸੰਬੰਧੀ ਦਸਤਾਵੇਜ਼ੀ ਪ੍ਰਮਾਣ ਸਵੈ-ਤਸਦੀਕ ਕਰਕੇ ਨਾਲ ਨੱਥੀ ਕਰਨੇ ਲਾਜ਼ਮੀ ਹਨ।
- ਈ-ਮੇਲ ਜਾਂ ਇਲੈਕਟ੍ਰਾਨਿਕ ਮੀਡੀਆ ਰਾਹੀਂ ਭੇਜੇ ਪ੍ਰਸਤਾਵ-ਪੱਤਰ ਮੰਜ਼ੂਰ ਨਹੀਂ ਕੀਤੇ ਜਾਣਗੇ।
- ਜੇ ਕਲਾਕਾਰ ਕੋਲ ਇੱਕਲੀ ਪ੍ਰਦਰਸ਼ਨੀ ਲਗਾਉਣ ਵਾਸਤੇ ਕਲਾਕ੍ਰਿਤਾਂ ਲੋੜੀਂਦੀ ਗਿਣਤੀ ਵਿਚ ਨਾ ਹੋਣ ਪਰ ਜਿਊਰੀ ਨੂੰ ਲੱਗੇ ਕਿ ਉਸ ਦੀਆਂ ਕੁਝ ਕਲਾਕ੍ਰਿਤਾਂ ਸਾਂਝੀ ਪ੍ਰਦਰਸ਼ਨੀ ਦਾ ਹਿੱਸਾ ਬਣ ਸਕਦੀਆਂ ਹਨ ਤਾਂ ਜਿਊਰੀ ਅਜਿਹੇ ਵੱਖ-ਵੱਖ ਕਲਾਕਾਰਾਂ ਦੀ ਸਾਂਝੀ ਪ੍ਰਦਰਸ਼ਨੀ ਬਾਰੇ ਵਿਚਾਰ ਕਰ ਸਕਦੀ ਹੈ। ਇਸ ਸਥਿਤੀ ਵਿਚ ਬਿਨੈਕਾਰ ਨੂੰ ਸਾਂਝੀ ਪ੍ਰਦਰਸ਼ਨੀ ਵਿਚ ਸ਼ਾਮਲ ਹੋਣ ਦੀ ਸਹਿਮਤੀ ਦੇਣੀ ਹੋਵੇਗੀ।